**ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ,ਪੰਜਾਬ ਚੰਡੀਗੜ।**
**(ਯੋਜਨਾ ਸ਼ਾਖਾ)**

ਵੱਲ

ਸਮੂਹ ਪ੍ਰਬੰਧਕ ਨਿਰਦੇਸ਼ਕ,
ਸਿਖਰ ਸਹਿਕਾਰੀ ਸੰਸਥਾਵਾਂ, ਪੰਜਾਬ,
ਚੰਡੀਗੜ।

ਨੰ.ਰਸਸ/ਯੋਜਨਾ/ਸ.ਤਾਲਮੇਲ/621
ਮਿਤੀ 11.09.2019

ਵਿਸ਼ਾ : **Retirement age of employees of Apex Cooperative Intuitions**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 03-09-2019 ਨੂੰ ਮਾਨਯੋਗ ਸਹਿਕਾਰਤਾ ਅਤੇ ਜੇਲ੍ਹਾਂ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਹੋਈ ਸੀ। ਇਸ ਮੀਟਿੰਗ ਵਿੱਚ ਹੋਏ ਵਿਚਾਰ ਵਟਾਂਦਰੇ ਉਪਰੰਤ ਮਾਨਯੋਗ ਸਹਿਕਾਰਤਾ ਅਤੇ ਜੇਲ੍ਹਾਂ ਮੰਤਰੀ, ਪੰਜਾਬ ਜੀ ਵੱਲੋਂ ਹੁਕਮ ਕੀਤੇ ਗਏ ਹਨ ਕਿ ਸਮੂਹ ਸ਼ਿਖਰ ਸਹਿਕਾਰੀ ਸੰਸਥਾਵਾਂ/ਸਭਾਵਾਂ ਵਲੋਂ ਆਪਣੇ ਕਰਮਚਾਰੀਆਂ ਦੀ ਰਿਟਾਰਮੈਂਟ ਦੀ ਸੀਮਾਂ 58 ਸਾਲ ਹੀ ਰੱਖੀ ਜਾਵੇ ਅਤੇ ਕਿਸੇ ਵੀ ਕਰਮਚਾਰੀ ਨੂੰ 58 ਸਾਲ ਤੋ ਬਾਅਦ ਸੇਵਾ ਵਿੱਚ ਕੋਈ ਵਾਧਾ ਨਾ ਦਿੱਤਾ ਜਾਵੇ।

ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਕਰਮਚਾਰੀਆਂ / ਅਧਿਕਾਰੀਆਂ ਨੂੰ ਪਹਿਲਾਂ ਹੀ ਸੇਵਾ ਵਿਚ ਵਾਧਾ ਦਿੱਤਾ ਜਾ ਚੁੱਕਾ ਹੈ, ਉਹ ਕਰਮਚਾਰੀ ਚਾਹੇ ਪਹਿਲੇ ਸਾਲ ਦੇ ਵਾਧੇ ਤੇ ਹਨ ਜਾਂ ਦੂਜੇ ਸਾਲ ਦੇ ਵਾਧੇ ਤੇ ਹਨ, ਉਹ ਪਹਿਲਾਂ ਤੋਂ ਦਿੱਤੇ ਵਾਧੇ ਦੇ ਸਮੇਂ ਤੱਕ ਸੇਵਾ ਵਿਚ ਰਹਿਣਗੇ ਅਤੇ ਉਨ੍ਹਾਂ ਦੇ ਪਹਿਲੇ ਜਾਂ ਦੂਜੇ ਸਾਲ ਦੇ ਵਾਧੇ ਦੀ ਮਿਆਦ ਮੁਕਣ ਉਪਰੰਤ ਉਨ੍ਹਾਂ ਨੂੰ ਰਿਟਾਇਰ ਕਰ ਦਿੱਤਾ ਜਾਵੇ ਅਤੇ ਸੇਵਾ ਵਿਚ ਹੋਰ ਵਾਧਾ ਨਾ ਦਿੱਤਾ ਜਾਵੇ।

ਇਨ੍ਹਾਂ ਹੁਕਮਾਂ ਦੀ ਇੰਨ ਬਿੰਨ ਪਾਲਣਾਂ ਯਕੀਨੀ ਬਣਾਈ ਜਾਵੇ।

ਰਜਿਸਟਰਾਰ,
ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ

ਪਿੱਠ ਅੰਕਣ ਨੰ.ਰਸਸ/ਯੋਜਨਾਂ/ਸ.ਤਾਲਮੇਲ/622-626 ਮਿਤੀ 11.09.2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਦਾ ਹੈ: -

1. ਨਿੱਜੀ ਸਕੱਤਰ, ਮਾਨਯੋਗ ਸਹਿਕਾਰਤਾ ਅਤੇ ਜੇਲ੍ਹਾਂ ਮੰਤਰੀ, ਪੰਜਾਬ - ਮਾਨਯੋਗ ਸਹਿਕਾਰਤਾ ਮੰਤਰੀ ਜੀ ਦੀ ਸੂਚਨਾ ਹਿੱਤ।
2. ਵਧੀਕ ਮੁੱਖ ਸਕੱਤਰ (ਸਹਿਕਾਰਤਾ), ਪੰਜਾਬ, ਚੰਡੀਗੜ੍ਹ - ਸੂਚਨਾ ਹਿੱਤ।
3. ਸਮੂਹ ਗਜ਼ਟਿਡ ਅਧਿਕਾਰੀ, ਮੁੱਖ ਦਫ਼ਤਰ।
4. ਸਮੂਹ ਸੰੁਯਕਤ/ਉਪ/ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ, ਖੇਤਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਨ੍ਹਾਂ ਦੇ ਦਫਤਰਾਂ ਅਧੀਨ ਆਉਂਦੀਆਂ ਸਹਿਕਾਰੀ ਸੰਸਥਾਵਾਂ/ਸਭਾਵਾਂ ਵਿਚ ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਵਾਉਣੀ ਯਕੀਨੀ ਬਣਾਈ ਜਾਵੇ।
5. ਸਮੂਹ ਸੁਪਰਡੈਂਟ, ਮੁੱਖ ਦਫ਼ਤਰ

ਰਜਿਸਟਰਾਰ,
ਸਹਿਕਾਰੀ ਸਭਾਵਾਂ,ਪੰਜਾਬ,
ਚੰਡੀਗੜ